ਸਮਾਜਿਕ ਸਿੱਖਿਆ

**SET- A** **ਕੁਲ ਅੰਕ=90**

i. ਇਸ ਪ੍ਰਸ਼ਨ ਪੱਤਰ ਦੇ ਚਾਰ ਭਾਗ ਹੋਣਗੇ।
ਭੂਗੋਲ :25, ਅਰਥ ਸ਼ਾਸਤਰ :20, ਇਤਿਹਾਸ :25, ਨਾਗਰਿਕ ਸ਼ਾਸਤਰ :20
ਭੂਗੋਲ ਪ੍ਰਸ਼ਨ ਨੰ :1 ਤੋਂ ਪ੍ਰਸ਼ਨ ਨੰ :4 ਤੱਕ
ਅਰਥ ਸ਼ਾਸਤਰ ਪ੍ਰਸ਼ਨ ਨੰ :5 ਤੋਂ ਪ੍ਰਸ਼ਨ ਨੰ :7 ਤੱਕ
ਇਤਿਹਾਸ ਪ੍ਰਸ਼ਨ ਨੰ :8 ਤੋਂ ਪ੍ਰਸ਼ਨ ਨੰ :11 ਤੱਕ
ਨਾਗਰਿਕ ਸ਼ਾਸਤਰ ਪ੍ਰਸ਼ਨ ਨੰ :12 ਤੋਂ ਪ੍ਰਸ਼ਨ ਨੰ :14 ਤੱਕ

ii. ਸਾਰੇ ਪ੍ਰਸ਼ਨ ਜ਼ਰੂਰੀ ਹਨ|

iii. ਲੋੜ ਅਨੁਸਾਰ ਚਿੱਤਰ ਅਤੇ ਨਕਸ਼ੇ ਬਣਾਏ ਜਾ ਸਕਦੇ ਹਨ।

iv. ਨਕਸ਼ੇ ਬਣਾਉਣ ਲਈ ਸਟੈਂਸਿਲ ਵਰਤਣ ਦੀ ਆਗਿਆ ਹੈ।

v. ਵਸਤੂਨਿਸ਼ਠ ਪ੍ਰਸ਼ਨਾਂ ਵਿੱਚ ਖਾਲੀ ਥਾਵਾਂ, ਸਹੀ ਮੇਲ ਕਰੋ, ਠੀਕ/ਗਲਤ, ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ ਜੋ ਕਿ 2 ਅੰਕਾਂ ਦੇ ਹੋਣਗੇ।

vi. 4 ਅੰਕਾਂ ਵਾਲੇ ਪ੍ਰਸ਼ਨਾਂ ਦਾ ਉੱਤਰ ਇੱਕ ਤੋਂ ਚਾਰ ਲਾਈਨਾਂ ਵਿੱਚ ਦੇਣਾ ਹੋਵੇਗਾ। ਇਸ ਵਿੱਚ ਅੰਦਰੂਨੀ ਛੋਟ ਵੀ ਰੱਖੀ ਗਈ ਹੈ।

vii. 6 ਅੰਕਾਂ ਵਾਲੇ ਪ੍ਰਸ਼ਨਾਂ ਵਿੱਚ ਵੀ ਅੰਦਰੂਨੀ ਛੋਟ ਹੈ ਅਤੇ ਇਸ ਪ੍ਰਸ਼ਨ ਦਾ ਉੱਤਰ ਵੀ 1 ਤੋਂ 6 ਲਾਈਨਾਂ ਵਿੱਚ ਦਿੱਤਾ ਜਾਣਾ ਜ਼ਰੂਰੀ ਹੈ

viii. ਭੂਗੋਲ ਅਤੇ ਇਤਿਹਾਸ ਵਿੱਚ ਨਕਸ਼ੇ ਲਈ 5-5 ਅੰਕ ਰੱਖੇ ਗਏ ਹਨ।

ix. ਨੇਤਰਹੀਣ ਵਿਦਿਆਰਥੀ ਭਗੋਲ ਅਤੇ ਇਤਿਹਾਸ ਦੇ ਨਕਸ਼ੇ ਵਿੱਚ ਪੁੱਛੀਆਂ ਗਈਆਂ ਥਾਵਾਂ ਬਾਰੇ ਵਿਖਿਆਂ ਕਰਨਗੇ।

## ਭੂਗੋਲ

**ਅੰਕ-25**

### (ਭਾਗ-ੳ)

1. 2 ਅੰਕਾਂ ਵਾਲੇ ਪ੍ਰਸ਼ਨ — 2×5=10

I. ਠੀਕ ਉੱਤਰ ਉੱਤੇ ਸਹੀ (✓) ਦਾ ਨਿਸ਼ਾਨ ਲਗਾਓ

ਹੇਠ ਲਿਖਿਆ ਦੇਸ਼ਾਂ ਵਿੱਚੋਂ ਕਿਹੜਾ ਸਾਰਕ ਦਾ ਮੈਂਬਰ ਨਹੀਂ।

(ੳ) ਨੇਪਾਲ (ਅ) ਭੂਟਾਨ (ੲ) ਮਾਲਦੀਵ (ਸ) ਚੀਨ

II. ਖਾਲੀ ਥਾਂ ਭਰੋ

ਭਾਰਤ ਦੇ ਵਿਸ਼ਾਲ ਮੈਦਾਨ ਪੂਰੇ ਦੇਸ਼ ਲਈ---------------ਦੇ ਭੰਡਾਰ ਹਨ।

(ਅੰਨ/ਰਾਜਧਾਨੀ)

III. ਠੀਕ ਵਾਕ ਉੱਤੇ ਸਹੀ (✓) ਦਾ ਨਿਸ਼ਾਨ ਲਗਾਓ ਅਤੇ ਗਲਤ ਉੱਤੇ (×) ਦਾ ਨਿਸ਼ਾਨ ਲਗਾਓ

ਉੱਤਰੀ ਭਾਰਤ ਦੀਆ ਨਦੀਆਂ ਸਾਰਾ ਸਾਲ ਵੱਗਦੀਆਂ ਹਨ।

IV. ਸਹੀ ਮਿਲਾਨ ਕਰੋ

| | |
|---|---|
| (ੳ) ਦਿੱਲੀ | ਥਾਰ |
| (ਅ) ਮਾਰੂਥਲ | ਭਾਰਤ ਦੀ ਰਾਜਧਾਨੀ |

V. ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਉੱਤਰ ਦਿਓ:-

ਮਾਉਂਟ ਐਵਰੈਸਟ ਚੋਟੀ ਦੀ ਉੱਚਾਈ ਕਿੰਨੀ ਹੈ?

1×4=4

2. **4 ਅੰਕਾਂ ਵਾਲੇ ਪ੍ਰਸ਼ਨ:-**

ਵਿਦੇਸ਼ੀ ਪੌਦਿਆਂ ਦੇ ਨੁਕਸਾਨ ਲਿਖੋ?

ਜਾਂ

ਜੰਗਲਾਂ ਦੇ ਮੁੱਖ ਲਾਭ ਲਿਖੋ?

1×6=6

3. **6 ਅੰਕਾਂ ਵਾਲੇ ਪ੍ਰਸ਼ਨ:-**

ਸਾਡੇ ਦੇਸ਼ ਦਾ ਨਾਂ ਭਾਰਤ ਕਿਵੇਂ ਪਿਆ? ਵਿਆਖਿਆ ਕਰੋ?

ਜਾਂ

ਭਾਰਤ ਦੀ ਜਨਵਾਯੂ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਦਾ ਵਰਣਨ ਕਰੋ।

ਅੰਕ-5

4. **ਨਕਸ਼ਾ ਭਰੋ:**

ਹੇਠ ਲਿਖਿਆ ਥਾਵਾਂ ਨੂੰ ਭਾਰਤ ਦੇ ਨਕਸ਼ੇ ਵਿੱਚ ਦਰਸਾਓ:-

(1) ਇੱਕ ਕਣਕ ਉਤਪਾਦਕ ਖੇਤਰ (2) ਕਾਲੀ ਮਿੱਟੀ ਦਾ ਇੱਕ ਖੇਤਰ (3) ਮੁੰਬਈ

(4) ਬਹੁਤ ਹੀ ਘੱਟ ਵਰਖਾ ਵਾਲਾ ਇੱਕ ਖੇਤਰ (5) ਵੱਧ ਜਨ ਸੰਖਿਆ ਵਾਲਾ ਇੱਕ ਰਾਜ

# ਅਰਥ ਸ਼ਾਸਤਰ

## ਭਾਗ - ਅ

**2 ਅੰਕਾਂ ਵਾਲੇ ਪ੍ਰਸ਼ਨ** **2×5=10**

5. ਠੀਕ ਉੱਤਰ ਉੱਤੇ ਸਹੀ (✓) ਦਾ ਨਿਸ਼ਾਨ ਲਗਾਓ

I. ਭਾਰਤੀ ਰਿਜਰਵ ਬੈਂਕ ਦੀ ਸਥਾਪਨਾ ਕਦੋਂ ਹੋਈ?

(ੳ) 1935 ਈ: (ਅ) 1666 ਈ:

(ੲ) 1966 ਈ: (ਸ) 2018 ਈ:

II. ਖਾਲੀ ਥਾਂ ਭਰੋ:-

----------ਦਾਲਾਂ ਦਾ ਸਭ ਤੋਂ ਵੱਡਾ ਉਤਪਾਦਕ ਦੇਸ਼ ਹੈ। (ਭਾਰਤ/ ਅਮਰੀਕਾ)

III. ਠੀਕ ਵਾਕ ਉੱਤੇ ਸਹੀ (✓) ਦਾ ਨਿਸ਼ਾਨ ਲਗਾਓ ਅਤੇ ਗਲਤ ਉੱਤੇ (×) ਦਾ ਨਿਸ਼ਾਨ ਲਗਾਓ

ਪਸ਼ੂਆ ਅਤੇ ਫਸਲਾਂ ਦੇ ਉੱਤਪਾਦਨ ਸੰਬੰਧੀ ਕਲਾ ਜਾਂ ਵਿਗਿਆਨ ਨੂੰ ਖੇਤੀਬਾੜੀ ਕਹਿੰਦੇ ਹਨ।

IV. ਸਹੀ ਮਿਲਾਨ ਕਰੋ:-

| | |
|---|---|
| (ੳ) ਟੈਲੀਫੋਨ | ਆਵਾਜਾਈ ਦਾ ਸਾਧਨ |
| (ਅ) ਰੇਲ ਗੱਡੀ | ਸੰਚਾਰ ਦਾ ਸਾਧਨ |

V. ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਉੱਤਰ ਦਿਓ:-

ਸੰਚਾਰ ਦੇ ਕੋਈ ਇੱਕ ਸਾਧਨ ਦਾ ਨਾਂ ਲਿਖੋ?

6. **4 ਅੰਕਾ ਵਾਲੇ ਪ੍ਰਸ਼ਨ:-** **1×4=4**

ਭਾਰਤੀ ਰਿਜਰਵ ਬੈਂਕ ਤੇ ਨੋਟ ਲਿਖੋ?

ਜਾਂ

ਭਾਰਤ ਵਿੱਚ ਵਿੱਤੀ ਸੰਸਥਾਵਾਂ ਕਿਹੜੀਆਂ ਕਿਹੜੀਆਂ ਹਨ।

7. **6 ਅੰਕਾ ਵਾਲੇ ਪ੍ਰਸ਼ਨ:-** **1×6=6**

ਬਹੁਮੁੱਖੀ ਯੋਜਨਾਵਾਂ ਦੇ ਲਾਭਾਂਦਾ ਵਰਣਨ ਕਰੋ?

ਜਾਂ

ਭਾਰਤ ਵਿੱਚ ਉਦਯੋਗੀਕਰਣ ਦੀ ਧੀਮੀ ਗਤੀ ਦੇ ਕਾਰਣਾਂ ਦਾ ਵਰਣਨ ਕਰੋ?

ਅੰਕ-25

## ਇਤਿਹਾਸ

### ਭਾਗ- (ੲ)

2×5=10

8. **2 ਅੰਕਾ ਵਾਲੇ ਪ੍ਰਸ਼ਨ**

ਠੀਕ ਉੱਤਰ ਉੱਤੇ ਸਹੀ (✓) ਦਾ ਨਿਸ਼ਾਨ ਲਗਾਓ

I. ਪੰਜਾਬ ਦੇ ਕਿੰਨੇ ਦੁਆਬ ਹਨ?

(ੳ) ਦੋ (ਅ) ਪੰਜ (ੲ) ਨੌ (ਸ) ਗਿਆਰਾਂ

II. ਖਾਲੀ ਥਾਂ ਭਰੋ

ਬਾਬਰ ਨੇ ਪੰਜਾਬ ਨੂੰ-------------------ਈ: ਵਿੱਚ ਜਿੱਤਿਆ ।

(1469ਈ:/1526ਈ:)

III. ਠੀਕ ਉੱਤਰ ਉੱਤੇ ਸਹੀ (✓) ਦਾ ਨਿਸ਼ਾਨ ਲਗਾਓ ਅਤੇ ਗਲਤ ਉੱਤੇ (×) ਦਾ ਨਿਸ਼ਾਨ ਲਗਾਓ

ਕਰਤਾਪੁਰ ਦੀ ਸਥਾਪਨਾ ਗੁਰੂ ਅੰਗਦ ਦੇਵ ਜੀ ਨੇ ਕੀਤੀ।

IV. ਸਹੀ ਮਿਲਾਨ ਕਰੋ

| | |
|---|---|
| (ੳ) ਹਰਿਮੰਦਰ ਸਾਹਿਬ | ਦਿੱਲੀ |
| (ਅ) ਬੰਗਲਾ ਸਾਹਿਬ | ਅੰਮ੍ਰਿਤਸਰ |

VI. ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਉੱਤਰ ਦਿਓ:-

ਗੋਇੰਦਵਾਲ ਵਿਖੇ ਬਾਉਲੀ ਦੀਆਂ ਕਿੰਨੀਆਂ ਪੌੜੀਆਂ ਹਨ?

1×4=4

9. **4 ਅੰਕਾਂ ਵਾਲੇ ਪ੍ਰਸ਼ਨ:-**

ਕੋਈ ਚਾਰ ਸਿੱਖ ਮਿਸਲਾ ਦੇ ਨਾਂ ਅਤੇ ਉਹਨਾਂ ਦੇ ਮੋਢੀਆਂ ਦੇ ਨਾਂ ਲਿਖੋ।

ਜਾਂ

ਮਹਾਰਾਜਾ ਰਣਜੀਤ ਸਿੰਘ ਦੇ ਬਚਪਨ ਅਤੇ ਉਨ੍ਹਾਂ ਦੀ ਸਿੱਖਿਆ ਤੇ ਨੋਟ ਲਿਖੋ।

1×6=6

10. **6 ਅੰਕਾਂ ਵਾਲੇ ਪ੍ਰਸ਼ਨ:-**

ਦੂਜੇ ਐਂਗਲੋ ਸਿੱਖ ਯੁੱਧ ਦੇ ਸਿੱਟਿਆ ਦਾ ਵਰਣਨ ਕਰੋ ।

ਜਾਂ

ਬੰਦਾ ਸਿੰਘ ਬਹਾਦਰ ਤੇ ਨੋਟ ਲਿਖੋ?

11. ਹੇਠ ਲਿਖਿਆ ਥਾਵਾਂ ਨੂੰ ਪੁਰਾਣੇ ਪੰਜਾਬ ਦੇ ਨਕਸ਼ੇ ਵਿੱਚ ਦਰਸਾਓ:- ਅੰਕ-5

(1) ਲਹੌਰ (2) ਸਰਹਿੰਦ (3) ਚਮਕੌਰ ਸਾਹਿਬ (4) ਅੰਮ੍ਰਿਤਸਰ (5) ਬੱਦੋਵਾਲ

## ਨਾਗਰਿਕ ਸ਼ਾਸਤਰ

ਅੰਕ-20

### ਭਾਗ- (ਹ)

12. 2 ਅੰਕਾਂ ਵਾਲੇ ਪ੍ਰਸ਼ਨ 2×5=10

ਠੀਕ ਉੱਤਰ ਉੱਤੇ ਸਹੀ (✓) ਦਾ ਨਿਸ਼ਾਨ ਲਗਾਓ

I. ਭਾਰਤੀ ਸੰਵਿਧਾਨ ਦੇ ਕਿੰਨੇ ਅਨੁਛੇਦ ਹਨ?

(ੳ) 110 (ਅ) 395 (ੲ) 120 (ਸ) 90

II. ਖਾਲੀ ਥਾਂ ਭਰੋ

ਭਾਰਤੀ ਸੰਸਦ ਦੇ ------------ਸਦਨ ਹਨ। (ਦੋ/ਤਿੰਨ)

III. ਠੀਕ ਵਾਕ ਉੱਤੇ ਸਹੀ (✓) ਦਾ ਨਿਸ਼ਾਨ ਲਗਾਓ ਅਤੇ ਗਲਤ ਉੱਤੇ (×) ਦਾ ਨਿਸ਼ਾਨ ਲਗਾਓ

ਬਿੱਲ ਦੋ ਪ੍ਰਕਾਰ ਦੇ ਹੁੰਦੇ ਹਨ।

IV. ਸਹੀ ਮਿਲਾਨ ਕਰੋ

| | |
|---|---|
| (ੳ) ਭਾਰਤੀ ਰਾਸ਼ਟਰੀ ਕਾਂਗਰਸ | ਕਮਲ ਦਾ ਫੁੱਲ |
| (ਅ) ਭਾਰਤੀ ਜਨਤਾ ਪਾਰਟੀ | ਹੱਥ ਪੰਜਾ |

IX. ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਉੱਤਰ ਦਿਓ:-

ਭਾਰਤੀ ਸੰਵਿਧਾਨ ਕਦੋਂ ਪਾਸ ਹੋਇਆ?

13. 4 ਅੰਕਾਂ ਵਾਲੇ ਪ੍ਰਸ਼ਨ:- 1×4=4

ਲੋਕ ਸਭਾ ਦਾ ਮੈਂਬਰ ਬਣਨ ਲਈ ਯੋਗਤਾਵਾ ਲਿਖੋ?

ਜਾਂ

ਭਾਰਤੀ ਵਿਦੇਸ਼ੀ ਨੀਤੀ ਦੀਆਂ ਵਿਸ਼ੇਸ਼ਤਾਵਾਂ ਲਿਖੋ।

14. 6 ਅੰਕਾਂ ਵਾਲੇ ਪ੍ਰਸ਼ਨ:- 1×6=6

ਵਿਧਾਨ ਸਭਾ ਦੀ ਬਣਤਰ ਬਾਰੇ ਲਿਖੋ ਅਤੇ ਇਸਦੇ ਕੋਈ ਦੋ ਕੰਮ ਲਿਖੋ ।

ਜਾਂ

ਭਾਰਤੀ ਸੰਵਿਧਾਨ ਦੀਆਂ ਕੋਈ ਛੇ ਵਿਸ਼ੇਸਤਾਵਾਂ ਲਿਖੋ।